BC Centre for Disease Control
An agency of the Provincial Health Services Authority

655 West 12th Avenue
Vancouver, BC V5Z 4R4

604.707.2443
604.707.2441

www.bccdc.ca

Clinical Prevention Services – STI Control

604.707.5600
604.707.5604

www.SmartSexResource.com

# ਐਮੌਕਸੀਸਿਲਿਨ
# AMOXICILLIN

ਐਮੌਕਸੀਸਿਲਿਨ ਇੱਕ ਐਂਟੀਬਾਇਟਿਕ ਹੈ ਜੋ ਸੈਕਸ ਨਾਲ ਫੈਲਣ ਵਾਲੀਆਂ ਕੁੱਝ ਬਿਮਾਰੀਆਂ ਵਾਸਤੇ ਮੂੰਹ ਰਾਹੀਂ ਲਈ ਜਾਂਦੀ ਹੈ।

## ਐਲਰਜੀਆਂ (Allergies)

- ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ ਕਿ ਜੇ ਤੁਹਾਨੂੰ ਪੈਨਸਲੀਨ ਐਂਟੀਬਾਇਟਿਕ ਜਿਵੇਂ ਕਿ ਐਮੌਕਸੀਸਿਲਿਨ, ਪੈਨਸਲੀਨ V-K, ਜਾਂ ਕੋਈ ਸੈਫਲੋਸਪੋਰੀਨ ਐਂਟੀਬਾਇਟਿਕ ਜਿਵੇਂ ਕਿ ਸੇਫਿਕਸੀਮ (ਸੁਪਰੈਕਸ), ਸੇਫਲੇਕਸੀਨ (ਕੀਫਲੈਕਸ), ਸੀਫੈਕਟਰ (ਸੈਕਲੋਰ) ਜਾਂ ਹੋਰ ਐਸੀਆਂ ਦਵਾਈਆਂ ਤੋਂ ਐਲਰਜੀ ਹੈ।

## ਗਰਭਅਵਸਥਾ ਅਤੇ ਦੁੱਧ ਚੁੰਘਾਉਣਾ (Pregnancy and Chest/Breastfeeding)

- ਐਮੌਕਸੀਸਿਲਿਨ ਗਰਭ ਅਵਸਥਾ ਅਤੇ ਦੁੱਧ ਚੁੰਘਾਉਣ ਸਮੇਂ ਲਈ ਜਾ ਸਕਦੀ ਹੈ। ਪਰ ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਵਾਲੇ ਨਾਲ ਸਲਾਹ ਕਰੋ।

## ਚੇਤਾਵਨੀ (CAUTION)

- ਐਮੌਕਸੀਸਿਲਿਨ ਦੀ ਆਖਰੀ ਖ਼ੁਰਾਕ ਤੋਂ 24 ਘੰਟੇ ਜਾਂ ਜ਼ਿਆਦਾ ਸਮੇਂ ਬਾਅਦ ਮੂੰਹ ਰਾਹੀਂ ਲਾਈਵ ਟਾਈਫ਼ਾਈਡ ਵੈਕਸੀਨ (ਵਿਵੋਟਿਫ਼) ਲੈ ਸਕਦੇ ਹੋ।
- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ। ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ।

## ਮਾੜੇ ਪ੍ਰਭਾਵ (Side Effects)

- ਤੁਹਾਡੇ ਸਰੀਰ ਤੇ ਰੈਸ਼, ਸਿਰ ਦਰਦ, ਦਸਤ ਲੱਗ ਸਕਦੇ ਹਨ, ਜੀਅ ਕੱਚਾ ਹੋ ਸਕਦਾ ਹੈ, ਜਾਂ ਉਲਟੀਆਂ ਹੋ ਸਕਦੀਆਂ ਹਨ
- ਜੇ ਤੁਹਾਡੇ ਵਿੱਚ ਐਲਰਜਿਕ ਰੀਐਕਸ਼ਨ ਦੇ ਹੇਠ ਲਿਖੇ ਲੱਛਣ ਹੋਣ ਤਾਂ ਤੁਰੰਤ ਮੈਡੀਕਲ ਸਹਾਇਤਾ ਹਾਸਲ ਕਰੋ: ਛਪਾਕੀਆਂ, ਸਾਹ ਲੈਣ ਵਿੱਚ ਤਕਲੀਫ਼, ਚਿਹਰਾ, ਬੁੱਲ੍ਹ, ਜੀਭ ਅਤੇ ਗਲ਼ਾ ਸੁੱਜਣਾ।

## ਦਵਾਈ ਲੈਣ ਲਈ ਨਿਰਦੇਸ਼ (Instructions for Taking)

- ਦਵਾਈ ਜਦ ਤੱਕ ਖ਼ਤਮ ਨਹੀਂ ਹੁੰਦੀ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਗ਼ੈਰ ਲਵੋ। ਖ਼ੁਰਾਕ ਬਾਰੇ ਆਪਣੇ ਸਿਹਤ ਸੰਭਾਲ ਕਰਨ ਵਾਲੇ ਦੇ ਨਿਰਦੇਸ਼ਾਂ ਦੀ ਪਾਲਨਾ ਕਰੋ।
- ਜੇ ਤੁਸੀਂ ਇਕ ਖ਼ੁਰਾਕ ਭੁੱਲ ਜਾਓ ਤਾਂ ਜਦੋਂ ਯਾਦ ਆਵੇ ਲੈ ਲਵੋ ਪਰ ਜੇ ਦੂਜੀ ਖ਼ੁਰਾਕ ਦਾ ਸਮਾਂ ਨੇੜੇ ਹੋਵੇ ਤਾਂ ਫਿਰ ਦੂਜੀ ਖ਼ੁਰਾਕ ਹੀ ਸਮੇਂ ਸਿਰ ਲਵੋ। ਦੋ ਖ਼ੁਰਾਕਾਂ ਇਕੱਠੀਆਂ ਨਾ ਲਵੋ।

# ਐਮੌਕਸੀਸਿਲਿਨ
# Amoxicillin

**ਸਾਂਭ ਸੰਭਾਲ ਲਈ ਨਿਰਦੇਸ਼ (Storage Instructions)**

- 15 ਅਤੇ 30°C ਵਿਚਕਾਰ ਕਮਰੇ ਦੇ ਤਾਪਮਾਨ ’ਤੇ ਰੱਖੋ।
- ਰੋਸ਼ਨੀ, ਤਪਸ਼ ਅਤੇ ਨਮੀ ਤੋਂ ਦੂਰ ਰੱਖੋ।
- ਦਵਾਈਆਂ ਨੂੰ ਉਨ੍ਹਾਂ ਦੀ ਮਿਆਦ ਪੁੱਗ ਜਾਣ ਦੀ ਤਾਰੀਖ਼ ਤੋਂ ਬਾਅਦ ਨਾ ਵਰਤੋ।
- ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ।

**ਖਾਸ ਨਿਰਦੇਸ਼ (Special Instructions)**

- ਤਦ ਤੱਕ ਸੰਭੋਗ ਨਾ ਕਰੋ ਜਦ ਤੱਕ:
  - ਤੁਹਾਡਾ ਇਲਾਜ ਪੂਰਾ ਨਹੀਂ ਹੋ ਜਾਂਦਾ, **ਅਤੇ**
  - ਤੁਹਾਡੇ ਸੈਕਸ ਸਾਥੀਆਂ ਦਾ ਇਲਾਜ ਵੀ ਪੂਰਾ ਹੋ ਗਿਆ ਹੈ ਅਤੇ ਉਨ੍ਹਾਂ ਦੇ ਇਲਾਜ ਸ਼ੁਰੂ ਹੋਏ ਨੂੰ ਇੱਕ ਹਫ਼ਤਾ ਬੀਤ ਗਿਆ ਹੈ ਬੇਸ਼ੱਕ ਉਨ੍ਹਾਂ ਦੇ ਨਤੀਜੇ ਨੈਗੇਟਿਵ ਹੋਣ।
- ਜੇ ਤੁਸੀਂ ਕਿਸੇ ਐਸੇ ਸਾਥੀ ਨਾਲ ਸੈਕਸ ਕੀਤਾ ਜਿਸ ਦਾ ਇਲਾਜ ਨਹੀਂ ਹੋਇਆ ਜਾਂ ਤੁਹਾਡਾ ਅਤੇ ਜਾਂ ਤੁਹਾਡੇ ਸਾਥੀ ਦਾ ਇਲਾਜ ਪੂਰਾ ਨਹੀਂ ਸੀ ਹੋਇਆ ਤਾਂ ਤੁਹਾਨੂੰ ਆਪਣਾ ਇਲਾਜ ਦੁਬਾਰਾ ਕਰਵਾਉਣਾ ਪਵੇਗਾ। ਕਿਰਪਾ ਕਰ ਕੇ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਗਲ ਬਾਤ ਕਰੋ।
- **ਰਾਜ਼ੀ ਹੋਣ ਦਾ ਟੈੱਸਟ Test of Cure:** ਜੇ ਤੁਹਾਡੇ ਸਿਹਤ ਸੰਭਾਲ ਕਰਨ ਵਾਲੇ ਨੇ ਕਲਮੇਡੀਆ ਜਾਂ ਸੁਜ਼ਾਕ ਦੇ ਇਲਾਜ ਲਈ ਐਮੌਕਸੀਸਿਲਿਨ ਦੀ ਸਿਫਾਰਸ਼ ਕੀਤੀ ਸੀ, ਤਾਂ ਇਹ ਸਿਫਾਰਸ਼ ਕੀਤੀ ਜਾਂਦੀ ਹੈ **ਤੁਸੀਂ ਇਲਾਜ ਪੂਰਾ ਹੋਣ ਤੋਂ 3-4 ਹਫ਼ਤਿਆਂ ਬਾਅਦ ਟੈੱਸਟ ਦੁਬਾਰਾ ਕਰਵਾਓ ਤਾਂ ਕਿ ਇਹ ਸੁਨਿਸ਼ਚਿਤ ਹੋ ਜਾਏ ਕਿ ਇਨਫੈਕਸ਼ਨ ਖ਼ਤਮ ਹੋ ਗਈ ਹੈ।**

ਜੇ ਮਨ ਵਿਚ ਕੋਈ ਸਵਾਲ ਹੈ ਜਾਂ ਹੋਰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਇਸ ਵੈੱਬਸਾਈਟ ਤੇ ਜਾਓ http://www.smartsexresource.com ਜਾਂ ਆਪਣੇ ਸਿਹਤ ਸੰਭਾਲ ਕਰਨ ਵਾਲੇ ਨੂੰ ਮਿਲੋ।



Provincial Health Services Authority
Province-wide solutions.
Better health.
ACCREDITED · AGRÉÉ · CCHSA · CCASS
*A research and teaching centre affiliated with UBC*